## ਜਮਾਤ 8ਵੀਂ

## ਪਾਠ -2 ਇੰਟਰਨੈੱਟ

### 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ:-


ਪ੍ਰਸ਼ਨ 1. ਮਾਡਮ ਕੀ ਹੈ? ਮਾਡਮ ਦੀਆਂ ਕਿਸਮਾਂ ਅਤੇ ਰਫਤਾਰ ਦੱਸੋ?

ਉੱਤਰ:-ਮਾਡਮ ਦਾ ਪੂਰਾ ਨਾਮ ਮਾਡੂਲੇਟਰ-ਡੀਮਾਡੂਲੇਟਰ ਹੈ। ਇਹ ਇੱਕ ਇਲੈਕਟ੍ਰੋਨਿਕ ਯੰਤਰ ਹੁੰਦਾ ਹੈ, ਜਿਸ ਦੀ ਵਰਤੋਂ ਕੰਪਿਊਟਰ ਨੂੰ ਇੰਟਰਨੈੱਟ ਨਾਲ ਜੋੜਨ ਲਈ ਕੀਤੀ ਜਾਂਦੀ ਹੈ। ਮਾਡਮ ਤੋਂ ਬਿਨਾਂ ਅਸੀਂ ਕੰਪਿਊਟਰ ਤੇ ਇੰਟਰਨੈੱਟ ਨਹੀਂ ਚਲਾ ਸਕਦੇ। ਮਾਡਮ ਟੈਲੀਫੂਨ ਲਾਈਨ ਤੋਂ ਐਨਾਲੋਗ ਸਿਗਨਲ ਲੈ ਕੇ ਉਹਨਾਂ ਨੂੰ ਡਿਜ਼ੀਟਲ ਸਿਗਨਲਾਂ ਵਿੱਚ ਬਦਲ ਕੇ ਕੰਪਿਊਟਰ ਵਿੱਚ ਭੇਜਦਾ ਹੈ।ਫਿਰ ਅੱਗੋਂ ਕੰਪਿਊਟਰ ਦਾ ਸੀ. ਪੀ. ਯੂ. ਡਿਜ਼ੀਟਲ ਸਿਗਨਲਾਂ ਨੂੰ ਪ੍ਰੋਸੈਸ ਕਰਦਾ ਹੈ ਅਤੇ ਸਾਡੇ ਪੜ੍ਹਨਯੋਗ ਭਾਸ਼ਾ ਵਿੱਚ ਸਕਰੀਨ ਉੱਪਰ ਦਿਖਾਉਂਦਾ ਹੈ। ਮਾਡਮ ਦੋ ਤਰ੍ਹਾਂ ਦੇ ਹੁੰਦੇ ਹਨ:-

1. ਅੰਦਰੂਨੀ ਮਾਡਮ:- ਇਹ ਮਾਡਮ ਘੱਟ ਸਪੀਡ ਵਾਲੇ ਇੰਟਰਨੈੱਟ ਕੁਨੈਕਸ਼ਨਾ ਲਈ ਵਰਤੇ ਜਾਂਦੇ ਹਨ।ਇਹ ਇੱਕ ਹਾਰਡਵੇਅਰ ਪਲੇਟ ਹੁੰਦੀ ਹੈ ਜੋ ਕੰਪਿਊਟਰ ਦੇ ਸੀ.ਪੀ.ਯੂ. ਦੇ ਵਿੱਚ ਲਗਾਈ ਜਾਂਦੀ ਹੈ। ਇਹਨਾਂ ਦੀ ਵਰਤੋਂ ਅੱਜਕੱਲ ਨਹੀਂ ਕੀਤੀ ਜਾਂਦੀ।



2. ਬਾਹਰੀ ਮਾਡਮ:- ਇਹ ਮਾਡਮ ਵੱਧ ਸਪੀਡ ਵਾਲੇ ਕੁਨੈਕਸ਼ਨ ਜਿਵੇਂ ਕਿ ਬਰਾਡਬੈਂਡ ਕੁਨੈਕਸ਼ਨਾਂ ਲਈ ਵਰਤੇ ਜਾਂਦੇ ਹਨ।ਇਹ ਇੱਕ ਵੱਖਰੇ ਯੰਤਰ ਹੁੰਦੇ ਹਨ, ਜਿਹਨਾਂ ਨੂੰ ਕੰਪਿਊਟਰ ਦੇ ਬਾਹਰਲੇ ਪਾਸੇ ਕਿਤੇ ਵੀ ਰੱਖਿਆ ਜਾ ਸਕਦਾ ਹੈ।ਬਜ਼ਾਰ ਵਿੱਚ ਬਹੁਤ ਸਾਰੀਆਂ ਕੰਪਨੀਆਂ ਦੇ ਮਾਡਮ ਉਪਲਬਧ ਹਨ:- ਜਿਵੇਂ ਕਿ **D-Link, Reliance, Nokia, TP-Link** ਆਦਿ।



ਪ੍ਰਸ਼ਨ 2. ਨੈੱਟਵਰਕ ਅਤੇ ਇੰਟਰਨੈੱਟ ਦੁਆਰਾ ਕੀਤੇ ਜਾਂਦੇ ਕੰਮਾਂ ਬਾਰੇ ਵਿਸਥਾਰ ਨਾਲ ਦੱਸੋ?

ਉੱਤਰ:- ਅੱਜ ਦੇ ਸਮੇਂ ਵਿੱਚ ਕੰਪਿਊਟਰ ਟੈਕਨਾਲੋਜੀ ਦੇ ਤਰੱਕੀ ਕਰਨ ਨਾਲ ਨੈੱਟਵਰਕ ਅਤੇ ਇੰਟਰਨੈੱਟ ਦੀ ਵਰਤੋਂ ਬਹੁਤ ਵੱਧ ਗਈ ਹੈ। ਅੱਜ ਇਹਨਾਂ ਤੋਂ ਬਿਨਾਂ ਕੋਈ ਵੀ ਦਫਤਰੀ ਜਾਂ ਸਕੂਲ ਨਾਲ ਸਬੰਧਤ ਕੰਮ ਸੰਭਵ ਨਹੀਂ ਹੈ। ਇੰਟਰਨੈੱਟ ਸਾਡੀ ਪੜ੍ਹਾਈ ਦੇ ਨਾਲ ਨਾਲ ਹਰ ਤਰ੍ਹਾਂ ਦੇ ਦਫਤਰੀ ਕੰਮਾਂ ਵਿੱਚ ਮਹੱਤਵਪੂਰਨ ਅੰਗ ਬਣ ਚੁੱਕਾ ਹੈ। ਇੰਟਰਨੈੱਟ ਨੈੱਟਵਰਕ ਦਾ ਹੀ ਇੱਕ ਵਿਸ਼ਾਲ ਰੂਪ ਹੈ ਜਿਸ ਦੀ ਵਰਤੋਂ ਪੂਰੀ ਦੁਨੀਆਂ ਵਿੱਚ ਕੀਤੀ ਜਾਂਦੀ ਹੈ। ਇੱਕ ਨੈੱਟਵਰਕ ਅਤੇ ਇੰਟਰਨੈੱਟ ਸਾਡੇ ਲਈ ਹੇਠ ਲਿਖੇ ਕੰਮ ਕਰਦਾ ਹੈ:-

1. ਖਬਰਾਂ ਅਤੇ ਜਾਣਕਾਰੀ:- ਇੰਟਰਨੈੱਟ ਸਾਨੂੰ ਵੱਖ ਵੱਖ ਤਰ੍ਹਾਂ ਦੇ ਅਖਬਾਰ ਆਨਲਾਈਨ ਪੜ੍ਹਨ ਅਤੇ ਕਿਸੇ ਵੀ ਵਿਸ਼ੇ ਨਾਲ ਸਬੰਧਤ ਜਾਣਕਾਰੀ ਜਿਵੇਂ ਖੇਡਾਂ , ਰਾਜਨੀਤੀ , ਪੜ੍ਹਾਈ ਆਦਿ ਨੂੰ ਲੱਭਣ ਦੀ ਸਹੂਲਤ ਦਿੰਦਾ ਹੈ।




2. ਕਲਾ ਅਤੇ ਮਨੋਰੰਜਨ:- ਇੰਟਰਨੈੱਟ ਨਾਲ ਅਸੀਂ ਵੱਖ ਵੱਖ ਤਰ੍ਹਾਂ ਦੇ ਆਰਟ ਵਿੱਚ ਵਰਤੇ ਜਾਣ ਵਾਲੇ ਸਾਫਟਵੇਅਰ ਲੱਭ ਕੇ ਵਰਤ ਸਕਦੇ ਹਾਂ ਅਤੇ ਆਪਣੇ ਮਨੋਰੰਜਨ ਲਈ ਗੀਤ ਸੰਗੀਤ ਅਤੇ ਫਿਲਮਾਂ ਡਾਊਨਲੋਡ ਕਰ ਸਕਦੇ ਹਾਂ।



3. ਆਨਲਾਈਨ ਸ਼ਾਪਿੰਗ:- ਇੰਟਰਨੈੱਟ ਦੀ ਸਹਾਇਤਾ ਨਾਲ ਅਸੀਂ ਘਰ ਬੈਠੇ ਹੋਏ ਹਰ ਤਰ੍ਹਾਂ ਦੀ ਖਰੀਦਦਾਰੀ ਜਿਵੇਂ ਕੱਪੜੇ, ਰਾਸ਼ਨ, ਗਿਫਟ ਆਦਿ ਕਰ ਸਕਦੇ ਹਾਂ।




4. ਚਿੱਠੀ ਪੱਤਰ ਭੇਜਣਾ:- ਈ-ਮੇਲ ਦੀ ਸਹਾਇਤਾ ਨਾਲ ਅਸੀਂ ਹਰ ਤਰ੍ਹਾਂ ਦੇ ਚਿੱਠੀ ਪੱਤਰ ਅਤੇ ਹੋਰ ਕੰਪਿਊਟਰ ਫਾਇਲਾਂ ਦੇ ਨਾਲ ਨਾਲ ਫੋਟੋ, ਆਵਾਜ਼ ਅਤੇ ਵੀਡੀਉ ਆਦਿ ਨੂੰ ਵੀ ਅਸਾਨੀ ਨਾਲ ਇੱਕ ਤੋਂ ਦੂਜੀ ਜਗ੍ਹਾ ਬਿਨਾਂ ਕਿਸੇ ਖਰਚੇ ਤੋਂ ਭੇਜ ਸਕਦੇ ਹਾਂ।



5.ਸਿਹਤ ਅਤੇ ਤੰਦਰੁਸਤੀ:- ਇੰਟਰਨੈੱਟ ਦੀ ਸਹਾਇਤਾ ਨਾਲ ਅਸੀਂ ਹਰ ਸਮੇਂ ਡਾਕਟਰ ਨਾਲ ਜੁੜੇ ਰਹਿ ਸਕਦੇ ਹਾਂ ਅਤੇ ਵੱਖ ਵੱਖ ਬਿਮਾਰੀਆਂ ਦੇ ਇਲਾਜ ਅਤੇ ਦਵਾਈਆਂ ਨੂੰ ਲੱਭ ਸਕਦੇ ਹਾਂ।




6. ਚੈਟਿੰਗ ਅਤੇ ਵੀਡੀਉ ਕਾਨਫੈਰੈਂਸਿੰਗ:- ਇੰਟਰਨੈੱਟ ਦੀ ਸਹਾਇਤਾ ਨਾਲ ਅਸੀਂ ਕਿਸੇ ਵੀ ਵਿਅਕਤੀ ਨਾਲ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਰਹਿ ਕੇ ਬਿਨਾਂ ਕਿਸੇ ਖਰਚੇ ਤੋਂ ਲਿਖ ਕੇ ਗੱਲਬਾਤ ਅਤੇ ਵੀਡੀਉ ਕਾਨਫੈਰੈਂਸਿੰਗ ਕਰ ਸਕਦੇ ਹਾਂ।ਇਹ ਗੱਲਬਾਤ ਬੋਲ ਕੇ ਜਾਂ ਲਿਖ ਕੇ ਕੀਤੀ ਜਾ ਸਕਦੀ ਹੈ।



7. ਬੈਕਿੰਗ:- ਇੰਟਰਨੈੱਟ ਦੀ ਸਹਾਇਤਾ ਨਾਲ ਅਸੀਂ ਬੈਂਕਾ ਨਾਲ ਸਬੰਧਤ ਹਰ ਤਰ੍ਹਾਂ ਦੇ ਕੰਮਾਂ ਨੂੰ ਘਰ ਬੈਠੇ ਹੋਏ ਪੂਰਾ ਕਰ ਸਕਦੇ ਹਾਂ।ਅਸੀਂ ਆਪਣੇ ਖਾਤੇ ਵਿੱਚ ਪੈਸੇ ਭੇਜ ਸਕਦੇ ਹਾਂ, ਕਿਸੇ ਦੂਜੇ ਖਾਤੇ ਵਿੱਚ ਪੈਸੇ ਪਾ ਸਕਦੇ ਹਾਂ ਅਤੇ ਦੂਜੇ ਸਾਰੇ ਕੰਮ ਈ-ਬੈਂਕਿੰਗ ਰਾਹੀਂ ਕਰ ਸਕਦੇ ਹਾਂ।




ਪ੍ਰਸ਼ਨ 3.ਇੰਟਰਨੈੱਟ ਦੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਦੱਸੋ?

ਉੱਤਰ:- ਅੱਜ ਦੇ ਸਮੇਂ ਵਿੱਚ ਇਨਫਰਮੇਸ਼ਨ ਟੈਕਨਾਲੋਜੀ ਦੇ ਤਰੱਕੀ ਕਰਨ ਇੰਟਰਨੈੱਟ ਦੀ ਵਰਤੋਂ ਬਹੁਤ ਵੱਧ ਗਈ ਹੈ।ਬਹੁਤ ਸਾਰੀਆਂ ਸੇਵਾਵਾਂ ਹਨ ਜੋ ਇੰਟਰਨੈੱਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆ ਹਨ।ਇਹਨਾਂ ਸੇਵਾਵਾਂ ਦੀ ਵਰਤੋਂ ਕਰਕੇ ਅਸੀਂ ਆਪਣੇ ਬਹੁਤ ਸਾਰੇ ਕੰਮਾਂ ਨੂੰ ਆਨਲਾਈਨ ਅਤੇ ਬਹੁਤ ਘੱਟ ਖਰਚੇ ਨਾਲ ਪੂਰਾ ਕਰ ਸਕਦੇ ਹਾਂ। ਇੰਟਰਨੈੱਟ ਦੁਆਰਾ ਸਾਨੂੰ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:-

1. ਵਰਲਡ ਵਾਈਡ ਵੈੱਬ:- ਵਰਲਡ ਵਾਈਡ ਵੈੱਬ ਵੱਖ ਵੱਖ ਵੈੱਬਸਾਈਟਾਂ ਦਾ ਵੱਡਾ ਨੈੱਟਵਰਕ ਹੈ ਜੋ ਇੰਟਰਨੈੱਟ ਨਾਲ ਮਿਲ ਕੇ ਕੰਮ ਕਰਦਾ ਹੈ।ਇਸ ਨਾਲ ਅਸੀਂ ਹਰ ਤਰ੍ਹਾਂ ਦੀ ਜਾਣਕਾਰੀ ਲੱਭ ਅਤੇ ਪੜ੍ਹ ਸਕਦੇ ਹਾਂ।




2. ਚੈਟਿੰਗ:- ਚੈਟਿੰਗ ਦੀ ਸਹਾਇਤਾ ਨਾਲ ਅਸੀਂ ਕਿਸੇ ਵੀ ਕੰਪਿਊਟਰ ਪ੍ਰੋਗਰਾਮ ਜਾਂ ਮੋਬਾਇਲ ਸ਼ੋਸ਼ਲ ਐਪ ਰਾਹੀਂ ਕਿਸੇ ਵੀ ਦੂਰ ਦੁਰਾਡੇ ਬੈਠੇ ਹੋਏ ਵਿਅਕਤੀ ਨਾਲ ਲਿਖ ਕੇ ਬਿਨਾਂ ਕਿਸੇ ਖਰਚੇ ਤੋਂ ਗੱਲਬਾਤ ਕਰ ਸਕਦੇ ਹਾਂ




3. ਇਲੈਕਟ੍ਰਾਨਿਕ-ਮੇਲ:- ਈ ਮੇਲ ਇੰਟਰਨੈੱਟ ਦੀ ਇੱਕ ਫ੍ਰੀ ਸੇਵਾ ਹੈ ਜਿਸ ਨਾਲ ਅਸੀਂ ਆਪਣੇ ਚਿੱਠੀ ਪੱਤਰ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਬੈਠੇ ਹੋਏ ਵਿਅਕਤੀ ਜਾਂ ਵਿਅਕਤੀਆਂ ਤੱਕ ਬਿਨਾਂ ਕਿਸੇ ਖਰਚ ਤੋਂ ਮਿੰਟਾਂ ਸਕਿੰਟਾਂ ਵਿੱਚ ਪਹੁੰਚਾ ਸਕਦੇ ਹਾਂ।




4.ਈ –ਕਮਰਸ:- ਇਹ ਇੱਕ ਤਰ੍ਹਾਂ ਦਾ ਆਨਲਾਈਨ ਵਪਾਰ ਹੈ ਜਿਸ ਦੀ ਸਹਾਇਤਾ ਨਾਲ ਅਸੀਂ ਘਰ ਬੈਠੇ ਹੋਏ ਆਨਲਾਈਨ ਕਿਸੇ ਵੀ ਵਸਤੂ ਨੂੰ ਖਰੀਦ ਜਾਂ ਵੇਚ ਸਕਦੇ ਹਾਂ।



5. ਸ਼ੋਸ਼ਲ ਨੈੱਟਵਰਕਿੰਗ ਸਾਈਟ:- ਵੱਖ ਵੱਖ ਸ਼ੋਸ਼ਲ ਨੈੱਟਵਰਕਿੰਗ ਸਾਈਟ ਪਲੇਟਫਾਰਮ ਰਾਹੀਂ ਅਸੀਂ ਸਾਰੀ ਦੁਨੀਆਂ ਵਿੱਚ ਬੈਠੇ ਹੋਏ ਲੋਕਾਂ ਨਾਲ ਗੱਲਬਾਤ ਕਰ ਸਕਦੇ ਹਾਂ ਅਤੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਾਂ।




6. ਵੀਡੀਉ ਕਾਨਫਰੈਸਿੰਗ:- ਇਹ ਇੱਕ ਐਪ ਆਧਾਰਿਤ ਤਰੀਕਾ ਹੈ ਜਿਸ ਨਾਲ ਅਸੀਂ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨਾਲ ਇੱਕ ਦੂਜੇ ਦੀਆਂ ਤਸਵੀਰਾਂ ਦੇਖਦੇ ਹੋਏ ਵੀਡੀਉ ਕੈਮਰੇ ਰਾਹੀਂ ਗੱਲਬਾਤ ਕਰ ਸਕਦੇ ਹਾਂ।

